# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿਸਟਰਡ ਦਫਤਰ – ਪੰ.ਰਾ.ਬਿ.ਬੋ.ਦਾ ਮਾਲ, ਪਟਿਆਲਾ - 147001, ਪੰਜਾਬ, ਭਾਰਤ)

ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814

ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਮਾਲੇਰਕੋਟਲਾ।

(Phone & Fax – 01675-263536, E-mail ID – **srxen-pm-mlrk@pstcl.org**)


ਰਜਿਸਟਰਡ

**ਓਪਨ ਟੈਂਡਰ ਇੰਨਕੁਆਰੀ ਨੰ. 04/P&M/MLK/2023-24**

ਵੱਲ:

ਮੈਸ.________________________________

________________________________

________________________________

________________________________

ਪੱਤਰ ਨੰ. / PMDM-20.48 (23-24) ਮਿਤੀ:

**ਵਿਸ਼ਾ:** **ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨ (ਮਾਲੇਰਕੋਟਲਾ, ਧੂਰੀ, ਧਨੌਲਾ, ਮਹਿਲਕਲਾਂ ਅਤੇ ਸੰਦੌੜ) ਵਿਖੇ ਸਾਫ-ਸਫਾਈ ਦਾ ਕੰਮ ਆਊਟਸੋਰਸ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨਾਂ ਵਿਖੇ ਸਾਫ-ਸਫਾਈ ਦਾ ਕੰਮ ਹੇਠ ਲਿਖੇ ਅਨੁਸਾਰ ਆਊਟਸੋਰਸ ਕਰਨ ਲਈ ਰਜਿਸਟਰਡ ਠੇਕੇਦਾਰ/ ਫਰਮ ਤੋਂ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ।

| ਲੜੀ ਨੰਬਰ | ਗਰਿੱਡ ਸ/ਸ ਦਾ ਨਾਮ | ਕੰਮ ਦਾ ਵੇਰਵਾ |
|---|---|---|
| 1 | 220ਕੇਵੀ ਸ/ਸ ਮਾਲੇਰਕੋਟਲਾ | ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। |
| 2 | 220ਕੇਵੀ ਸ/ਸ ਮਾਲੇਰਕੋਟਲਾ | ਪੀ.ਐਲ.ਸੀ. ਰੂਮ, ਰੈਸਟ ਹਾਊਸ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। |
| 3 | 220ਕੇਵੀ ਸ/ਸ ਧੂਰੀ (ਕਹੇਰੂ) | ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਅਤੇ ਦਫਤਰ ਆਦਿ ਦੀ ਸਫਾਈ। |
| 4 | 220ਕੇਵੀ ਸ/ਸ ਮਹਿਲ-ਕਲਾਂ | 11ਕੇਵੀ ਅਤੇ 220ਕੇਵੀ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਾਫ-ਸਫਾਈ। |
| 5 | 220ਕੇਵੀ ਸ/ਸ ਧਨੌਲਾ | 220ਕੇਵੀ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸਟੋਰ, ਬਾਥਰੂਮ ਆਦਿ ਅਤੇ 220ਕੇਵੀ ਯਾਰਡ ਅੰਦਰ ਬਣੀਆ ਸੜਕਾਂ ਅਤੇ ਰਸਤਿਆਂ ਦੀ ਸਾਫ-ਸਫਾਈ। |
| 6 | 220ਕੇਵੀ ਸ/ਸ ਸੰਦੌੜ | ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। |

ਟੈਂਡਰ ਦਸਤਾਵੇਜ ਜਮ੍ਹਾਂ ਕਰਵਾਉਣ ਦੀ ਮਿਤੀ ਅਤੇ ਸਮਾਂ (ਮਿਤੀ:22.03.2024 ਨੂੰ ਸਮਾਂ 11:00 ਵਜੇ) ਤੱਕ ਹੈ ਅਤੇ ਕੁਟੇਸ਼ਨਾਂ ਮਿਤੀ:22.03.2024 ਨੂੰ ਸਮਾਂ 11:30 ਵਜੇ ਨਿਮਨਹਸਤਾਖਰ ਦੇ ਦਫਤਰ ਵਿੱਚ ਖੋਲੀਆਂ ਜਾਣਗੀਆਂ। ਜੇਕਰ ਤੁਸੀ ਟੈਂਡਰ ਲਗਾਉਣ ਦੇ ਇੱਛੁਕ ਹੋ ਤਾਂ ਆਪਣੀ ਕੁਟੇਸ਼ਨ ਮਿਤੀ:22.03.2024 ਨੂੰ ਸਮਾਂ 11:00 ਵਜੇ ਤੋਂ ਪਹਿਲਾਂ ਇਸ ਦਫਤਰ ਵਿਖੇ ਭੇਜ ਸਕਦੇ ਹੋ। ਜੇਕਰ ਮਿਤੀ:22.03.2024 ਨੂੰ ਛੁੱਟੀ ਹੋ ਜਾਂਦੀ ਹੈ, ਤਦ ਕੁਟੇਸ਼ਨਾਂ ਅਗਲੇ ਕੰਮ ਵਾਲੇ ਦਿਨ ਉਸੇ ਸਮੇਂ (ਦੁਪਹਿਰ 11:30) ਵਜੇ ਨਿਮਨਹਸਤਾਖਰ ਦੇ ਦਫਤਰ ਵਿੱਚ ਖੋਲੀਆਂ ਜਾਣਗੀਆਂ।

ਨੱਥੀ: ਓਪਨ ਟੈਂਡਰ ਨੋਟਿਸ (ਅੰਗਰੇਜ਼ੀ ਅਤੇ ਪੰਜਾਬੀ)।

ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ,
ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ।

ਪੱਤਰ ਨੰ. 335 / PMDM-20.48 (23-24) ਮਿਤੀ: 23/02/2024

1. ਉਪ ਮੁੱਖ ਇੰਜੀ:/ ਪੀਤੇਐਮ ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਨੋਟਿਸ ਬੋਰਡ।
3. PSTCL ਵੈਬਸਾਈਟ।

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿਸਟਰਡ ਦਫਤਰ – ਪੰ.ਰਾ.ਬਿ.ਬੋ.ਦਾ ਮਾਲ, ਪਟਿਆਲਾ - 147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814
ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਮਾਲੇਰਕੋਟਲਾ।
(Phone & Fax – 01675-263536, E-mail ID – srxen-pm-mlrk@pstcl.org)

# ਓਪਨ ਟੈਂਡਰ ਨੋਟਿਸ

| | |
|---|---|
| ਦਫਤਰ ਦਾ ਨਾਮ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, 220ਕੇਵੀ ਗਰਿੱਡ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ |
| ਟੈਂਡਰ ਇਨਕੁਆਰੀ ਨੰ. | 04/ P&M/ MLK/ 2023-24 |
| ਟੈਂਡਰ ਜਾਰੀ ਕਰਤਾ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ |
| ਟੈਂਗਰ ਜਾਰੀ ਕਰਨ ਵਾਲੇ ਦਫਤਰ ਦਾ ਪਤਾ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, 220ਕੇਵੀ ਗਰਿੱਡ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਰੋਡ, ਜਿਲ੍ਹਾ- ਮਾਲੇਰਕੋਟਲਾ, ਪਿੰਨ:- 148023. |
| ਫੋਨ ਨੰਬਰ | 96461-18214 (ਸੀਨੀਅਰ ਕਾਰਜ਼ਕਾਰੀ ਇੰਜੀ:) ਅਤੇ 96461-60055 (ਸਬੰਧਤ ਵਿਅਕਤੀ) |
| ਸੰਖਿਪਤ ਵੇਰਵਾ | ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨ (ਮਾਲੇਰਕੋਟਲਾ, ਧੂਰੀ, ਧਨੌਲਾ, ਮਹਿਲ-ਕਲਾਂ ਅਤੇ ਸੰਦੌੜ) ਵਿਖੇ ਸਾਫ-ਸਫਾਈ ਦਾ ਕੰਮ ਆਊਟਸੋਰਸ ਕਰਨਾ। |
| ਸਮਾਂ | 1-ਸਾਲ |
| ਯੋਗਤਾ ਦਾ ਤਰੀਕਾ | ਡੀ.ਐਨ.ਆਈ.ਟੀ. ਮੁਤਾਬਿਕ |
| ਟੈਂਡਰ ਦਸਤਾਵੇਜ ਜਮ੍ਹਾਂ ਕਰਵਾਉਣ ਦਾ ਮਿਤੀ ਅਤੇ ਸਮਾਂ | **22.03.2024 ਨੂੰ 11:00 ਵਜੇ ਤੱਕ** |
| ਟੈਂਡਰ ਖੋਲਣ ਦਾ ਮਿਤੀ ਅਤੇ ਸਮਾਂ | **22.03.2024 ਨੂੰ ਸਮਾਂ 11:30 ਵਜੇ** |
| ਟੈਂਡਰ ਦਸਤਾਵੇਜਾਂ ਦੀ ਕੀਮਤ | ਨਿੱਲ |
| ਜਮਾਨਤੀ ਰਕਮ ਜਮ੍ਹਾਂ | 18,000/- ਰੁਪਏ |
| ਭੁਗਤਾਨ ਦਾ ਤਰੀਕਾ | ਡਿਮਾਂਡ ਡਰਾਫਟ ਦੇ ਰੂਪ ਵਿੱਚ "Punjab State Transmission Corporation Limited (PSTCL)" ਦੇ ਨਾਮ ਤੇ ਜੋ ਕਿ ਮਾਲੇਰਕੋਟਲਾ ਵਿਖੇ ਅਦਾਇਗੀ ਯੋਗ ਹੋਵੇ ਜਾਂ ਨਗਦ। |
| ਵੈਬ ਸਾਈਟ (ਵਧੇਰੇ ਜਾਣਕਾਰੀ ਲਈ) | www.pstcl.org |

ਸੀ.ਕਾ.ਕਾ. ਇੰਜੀ:/ ਪੀਤੇਐਮ ਮੰਡਲ, PSTCL, ਮਾਲੇਰਕੋਟਲਾ।

# PUNJAB STATE TRANSMISSION CORPORATION LIMITED

(Punjab Govt. Undertaking, Regd. Office – PSEB Head office, The Mall, Patiala)
Corporate Identity Number: U40109PB2010SGC033814
OFFICE OF THE Sr. Xen/ P&M Division, Malerkotla
**(Phone & Fax – 01675-263536, E-mail – srxen-pm-mlrk@pstcl.org)**

## OPEN TENDER NOTICE

| | |
|---|---|
| Name of Office | Sr. Xen/ P&M Division, 220kV Grid Sub-station, PSTCL, Malerkotla |
| Tender Enquiry No. | 04/ P&M/ MLK/ 2023-24 |
| Tender Issuing Authority | Sr. Xen/ P&M Division, PSTCL, Malerkotla |
| Address detail of Issuing Authority & Contact No. | Sr. Xen/ P&M Division, 220kV Grid Sub-station, PSTCL, Ludhiana Road, District- Malerkotla, Pin- 148023. |
| Contact Number | 96461-18214 (Sr. Xen) and 96461-60055 (Dealing Person) |
| Short Description | Outsource Sweeping & Cleaning work at various 220kV Grid Sub-Station (Malerkotla, Dhuri, Dhanaula, Mehalkalan & Sandaur) under P&M Division, PSTCL, Malerkotla. |
| Time | 1 Year |
| Eligibility Criteria | As per DNIT |
| Last date & time of Receipt of tender | **Up to 11:00 AM on 22.03.2024** |
| Date & time of Opening of Tender | **22.03.2024 at 11:30 AM** |
| Tender document Cost | NIL |
| EMD | Rs. 18,000/- |
| Payment Mode | Demand Draft in favour of "Punjab State Transmission Corporation Limited (PSTCL) payable at Malerkotla" or Cash. |
| URL for additional information | www.pstcl.org |

Sr. Xen/ P&M Division, Malerkotla

## ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

**ਕੰਮ ਦਾ ਨਾਮ:-** ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨਾਂ (ਮਾਲੇਰਕੋਟਲਾ, ਧੂਰੀ, ਧਨੌਲਾ, ਮਹਿਲ-ਕਲਾਂ ਅਤੇ ਸੰਦੌੜ) ਵਿਖੇ ਸਾਫ-ਸਫਾਈ ਆਦਿ ਦਾ ਕੰਮ ਆਊਟਸੋਰਸ ਕਰਨ ਸਬੰਧੀ।

ਓਪਨ ਟੈਂਡਰ ਇੰਨਕੁਆਰੀ ਨੰਬਰ: **04/P&M/MLK/2023-24**

| ਲੜੀ ਨੰ. | 'ਵੇਰਵਾ | ਪੰਨਾ |
|---|---|---|
| 1 | ਕੀਮਤਾਂ ਦਾ ਸ਼ਡਿਊਲ (Annexure–A) | 1 |
| 2 | ਸ਼ਰਤਾਂ ਅਤੇ ਨਿਯਮ | 1-4 |

ਟੈਂਡਰ ਜਮਾਂ ਕਰਵਾਉਣ ਦੀ ਮਿਤੀ ਅਤੇ ਸਮਾਂ :- **22.03.2024 ਨੂੰ ਸਮਾਂ 11:00 ਵਜੇ ਤੱਕ**

ਟੈਂਡਰ ਖੋਲਣ ਦੀ ਮਿਤੀ ਅਤੇ ਸਮਾਂ :- **22.03.2024 ਨੂੰ ਸਮਾਂ 11:30 ਵਜੇ**

ਟੈਂਡਰ ਦਸਤਾਵੇਜਾਂ ਦੀ ਕੀਮਤ :- **ਨਿੱਲ**

Annexure-A

# ਕੀਮਤਾਂ ਦਾ ਸ਼ਡਿਊਲ

## ਓਪਨ ਟੈਂਡਰ ਇੰਨਕੁਆਰੀ ਨੰ. 04/P&M/MLK/2023-24

**ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨਾਂ (ਮਾਲੇਰਕੋਟਲਾ, ਧੂਰੀ, ਧਨੌਲਾ, ਮਹਿਲ-ਕਲਾਂ ਅਤੇ ਸੰਦੌੜ) ਵਿਖੇ ਸਾਫ-ਸਫਾਈ ਆਦਿ ਦਾ ਕੰਮ ਆਊਟਸੋਰਸ ਕਰਨ ਸਬੰਧੀ।**

| ਲੜੀ ਨੰਬਰ | ਕੰਮ ਦਾ ਵੇਰਵਾ | ਰਕਮ ਪ੍ਰਤੀ ਮਹੀਨਾ (Lump-sum without GST) | GST Extra |
|---|---|---|---|
| 1 | 220ਕੇਵੀ ਗ/ਸ/ਸ ਮਾਲੇਰਕੋਟਲਾ ਵਿਖੇ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। | | |
| 2 | 220ਕੇਵੀ ਗ/ਸ/ਸ ਮਾਲੇਰਕੋਟਲਾ ਵਿਖੇ ਪੀ.ਐਲ.ਸੀ. ਰੂਮ, ਰੈਸਟ ਹਾਊਸ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। | | |
| 3 | 220ਕੇਵੀ ਗ/ਸ/ਸ ਧੂਰੀ-ਕਹੇਰੂ ਵਿਖੇ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। | | |
| 4 | 220ਕੇਵੀ ਗ/ਸ/ਸ ਮਹਿਲਕਲਾਂ ਵਿਖੇ 11ਕੇਵੀ ਅਤੇ 220ਕੇਵੀ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਾਫ-ਸਫਾਈ। | | |
| 5 | 220ਕੇਵੀ ਗ/ਸ/ਸ ਧਨੌਲਾ ਵਿਖੇ 220ਕੇਵੀ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸਟੋਰ, ਬਾਥਰੂਮ ਆਦਿ ਅਤੇ 220ਕੇਵੀ ਯਾਰਡ ਅੰਦਰ ਬਣੀਆ ਸੜਕਾਂ ਅਤੇ ਰਸਤਿਆਂ ਦੀ ਸਾਫ-ਸਫਾਈ। | | |
| 6 | 220ਕੇਵੀ ਗ/ਸ/ਸ ਸੰਦੌੜ ਵਿਖੇ ਕੰਟਰੋਲ ਰੂਮ, ਦਫਤਰ, ਕਮਰੇ, ਗੇਟ, ਸੜਕਾਂ, ਰਸਤੇ, ਸਟੋਰ, ਬਾਥਰੂਮ ਆਦਿ ਦੀ ਸਫਾਈ। | | |

ਮੈਂ ਟੈਂਡਰ ਵਿੱਚ ਦਿੱਤੇ ਹੋਏ ਸਾਰੇ ਨਿਯਮ ਅਤੇ ਸ਼ਰਤਾਂ ਚੰਗੀ ਤਰ੍ਹਾਂ ਪੜ੍ਹ ਲਈਆਂ ਹਨ ਅਤੇ ਟੈਂਡਰ ਵਿੱਚ ਦਿੱਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਆਪਣੀ ਕੁਟੇਸ਼ਨ ਦੇ ਰਿਹਾ ਹਾਂ।

ਮਿਤੀ: ____________

ਸਥਾਨ: ____________

ਠੇਕੇਦਾਰ ਦੇ ਦਸਤਖਤ ____________________

ਅਹੁਦਾ ____________________

ਕੰਪਨੀ ____________________

ਮੋਬਾਇਲ ਨੰ. ____________________

**ਸਾਫ-ਸਫਾਈ ਦੇ ਕੰਮ ਸਬੰਧੀ :-**

**ਕੰਮ ਦਾ ਸਮਾਂ:-**

1) ਪੀਤੇਐਮ ਮੰਡਲ ਮਾਲੇਰਕੋਟਲਾ ਅਧੀਨ ਪੈਂਦੇ ਵੱਖ-ਵੱਖ 220ਕੇਵੀ ਗਰਿੱਡ ਸਬ-ਸਟੇਸ਼ਨ (ਮਾਲੇਰਕੋਟਲਾ, ਧੂਰੀ, ਧਨੌਲਾ, ਮਹਿਲਕਲਾਂ ਅਤੇ ਸੰਦੌੜ) ਵਿਖੇ ਸਾਫ-ਸਫਾਈ ਆਦਿ ਦਾ ਕੰਮ ਟੈਂਡਰ ਨੰ.04/P&M/MLK/2023-24 ਅਨੁਸਾਰ ਕਰਨਾ।
2) ਰੋਜਾਨਾ ਸਾਫ-ਸਫਾਈ ਦਾ ਕੰਮ ਦਫਤਰ ਦੇ ਖੇਤਰ ਵਿੱਚ ਸਵੇਰੇ 09:00 ਵਜੇ ਤੋਂ ਪਹਿਲਾਂ ਜਾਂ 05:00 ਵਜੇ ਤੋਂ ਬਾਅਦ ਕੀਤਾ ਜਾਵੇਗਾ।
3) ਕਾਮਿਆਂ ਦੇ ਚਾਲ-ਚਲਣ ਤਸਦੀਕ ਕਰਨ ਉਪਰੰਤ ਠੀਕ ਚਾਲ-ਚਲਣ ਵਾਲੇ ਕਾਮਿਆਂ ਨੂੰ ਡਿਊਟੀ ਤੇ ਭੇਜਿਆ ਜਾਵੇ।
4) ਦਫਤਰ ਦੇ ਅਹਾਤੇ ਅੰਦਰ ਸਮੇਤ ਵਾਸ਼ਰੂਮ (ਵਾਸ਼ ਬੇਸਿਨ, ਤੌਲੀਆ ਸਟੈਂਡ/ ਵੇਸਟੇਜ ਚੈਂਬਰ/ ਯੂਰੀਨਲ ਪੋਰਟਸ/ ਪੈਂਟਰੀ) ਅਫਸਰਾਂ ਦੇ ਕੈਬਿਨ/ ਵਰਕ ਸਟੇਸ਼ਨ'ਜ, ਸਾਂਝਾ ਏਰੀਆ/ ਦਫਤਰ ਦੇ ਆਲੇ-ਦੁਆਲੇ ਦੀ ਸਫਾਈ ਕਰਨਾ/ ਝਾੜੂ ਲਗਾਉਣਾ/ ਪੋਚਾ ਲਗਾਉਣਾ ਆਦਿ।
5) ਸਾਰੇ ਡਸਟਬਿਨਾਂ ਆਦਿ ਵਿੱਚੋਂ ਕੂੜਾ ਕੱਢਣਾ ਅਤੇ ਸਹੀ ਜਗ੍ਹਾਂ ਤੇ ਸਹੀ ਤਰੀਕੇ ਨਾਲ ਸੁੱਟਣਾ।
6) ਗੋਬਰ, ਪੰਛੀਆਂ ਦੀਆਂ ਬਿੱਠਾਂ ਅਤੇ ਅੰਦਰਲੀ ਦੀਵਾਰਾਂ ਤੇ ਹੋਰ ਗੰਦਗੀ ਆਦਿ ਨੂੰ ਸਾਫ ਕਰਨਾ।
7) ਪਾਰਕਿੰਗ ਵਾਲੀ ਜਗ੍ਹਾਂ ਦਾ ਰੱਖ-ਰੱਖਾਵ/ ਸਫਾਈ।
8) ਡਰੇਨ ਪਾਇਪਸ/ ਮੀਹ ਵਾਲੇ ਪਾਣੀ ਦੀਆਂ ਪਾਈਪਾਂ ਦੀ ਬਲੋਕੇਜ਼ (blockage) ਚੈੱਕ ਕਰਨਾ ਅਤੇ ਦੂਰ ਕਰਨਾ।
9) ਦਰਵਾਜੇ/ ਖਿੜਕੀਆਂ ਤੇ ਉਹਨਾਂ ਦੇ ਫਰੇਮਾਂ/ ਖਿੜਕੀਆਂ ਦੇ ਪੱਲੇ/ ਫਿਕਸਚਰਜ਼ ਅਤੇ ਹੈਂਡ ਰੇਲਜ਼ ਆਦਿ ਦੀ ਸਫਾਈ।
10) ਫਰਨੀਚਰ/ ਫਾਈਲ ਬੁਕਸ/ ਦਸਤਾਵੇਜ ਅਤੇ ਚੱਲ ਵਸਤਾਂ ਦੀ ਸਫਾਈ ਅਤੇ ਸਹੀ ਤਰੀਕੇ/ ਢੰਗ ਨਾਲ ਰੱਖਣਾ।
11) ਸਫਾਈ ਸਬੰਧੀ ਸਮੇਂ-ਸਮੇਂ ਅਨੁਸਾਰ ਦਿੱਤੇ ਜਾਣ ਵਾਲੇ ਹੋਰ ਕੰਮ ਆਦਿ ਕਰਨਾ।

**ਟੈਂਡਰ ਸਬੰਧੀ ਸ਼ਰਤਾਂ ਅਤੇ ਨਿਯਮ : -**

1) ਲਿਫਾਫੇ ਵਿੱਚ ਬੰਦ ਟੈਂਡਰ ਦੂਹਰੀ ਪਰਤ ਵਿੱਚ ਇਸ ਦਫਤਰ ਵਿਖੇ ਮਿਤੀ **22.03.2024** ਨੂੰ **11:00**ਵਜੇ ਤੱਕ ਪਹੁੰਚ ਜਾਣੇ ਚਾਹੀਦੇ ਹਨ। ਜੋ ਕਿ ਮਿਤੀ **22.03.2024** ਨੂੰ **11:30**ਵਜੇ ਨਿਮਨਹਸਤਾਖਰ ਦੇ ਦਫਤਰ ਵਿੱਚ ਖੋਲਿਆ ਜਾਵੇਗਾ। ਉਸ ਸਮੇਂ ਤੁਸੀ ਜਾਂ ਤੁਹਾਡਾ ਪ੍ਰਤੀਨਿਧੀ ਹਾਜਰ ਹੋ ਸਕਦਾ ਹੈ। ਜੇਕਰ ਟੈਂਡਰ ਖੋਲਣ ਦੀ ਮਿਤੀ ਨੂੰ ਛੁੱਟੀ ਆ ਜਾਂਦੀ ਹੈ ਤਾਂ ਇਹ ਟੈਂਡਰ ਅਗਲੇ ਕੰਮ ਵਾਲੇ ਦਿਨ ਉਸੇ ਸਮੇਂ (**11:30**ਵਜੇ) ਅਤੇ ਸਥਾਨ ਤੇ ਖੋਲਿਆ ਜਾਵੇਗਾ।
2) ਸਾਰੇ ਰੇਟ ਅਤੇ ਕੀਮਤਾਂ ਨੂੰ ਸਿਆਹੀ ਨਾਲ ਹੀ ਲਿਖਿਆ ਜਾਵੇਗਾ ਅਤੇ ਇਹਨਾਂ ਨੂੰ ਸ਼ਬਦਾਂ/ ਅੱਖਰਾਂ ਦੋਵਾਂ ਵਿੱਚ ਲਿਖਣਾ ਹੋਵੇਗਾ।
3) ਕੇਵਲ ਰਜਿਸਟਰਡ ਠੇਕੇਦਾਰ/ ਫਰਮ ਤੋਂ ਪ੍ਰਾਪਤ ਟੈਂਡਰ ਮੰਨਜੂਰ ਕੀਤੇ ਜਾਣਗੇ।
4) ਸਾਰੇ ਟੈਂਡਰਾਂ ਦੇ ਨਾਲ ਨਿਰਧਾਰਿਤ ਮਾਤਰਾ ਵਿੱਚ ਜਮਾਨਤੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ।
5) ਜਮਾਨਤੀ ਰਕਮ (E.M.D.) 18,000/- ਰੁਪਏ ਨਕਦ ਜਾਂ ਡਿਮਾਂਡ ਡਰਾਫਟ ਦੇ ਰੂਪ ਵਿੱਚ "Punjab State Transmission Corporation Limited (PSTCL)" ਦੇ ਨਾਮ ਤੇ ਜੋ ਕਿ ਮਾਲੇਰਕੋਟਲਾ ਵਿਖੇ ਅਦਾਇਗੀ ਯੋਗ ਹੋਵੇ ਅਤੇ ਬਿਨਾਂ ਜਮਾਨਤੀ ਰਕਮ ਦੇ ਕੋਈ ਕੁਟੇਸ਼ਨ ਦਾਖਲ ਨਹੀ ਕੀਤੀ ਜਾਵੇਗੀ। (ਜੇਕਰ ਲਾਗੂ ਹੋਵੇ)
6) ਜੇ ਟੈਂਡਰ/ ਕੁਟੇਸ਼ਨਾਂ ਨਿਸ਼ਚਿਤ ਸਮੇਂ ਤੇ ਨਹੀ ਪਹੁੰਚਦੀਆਂ ਤਾਂ ਰੱਦ ਸਮਝੀਆਂ ਜਾਣਗੀਆਂ।

**ਚਲਦਾ ਪੰਨਾ ਨੰ. 2**

7) ਜਿਹੜੇ ਠੇਕੇਦਾਰਾਂ ਦਾ ਟੈਂਡਰ ਮੰਨਜੂਰ ਨਹੀਂ ਹੋਵੇਗਾ ਉਹਨਾਂ ਦੀ ਜਮਾਨਤੀ ਰਕਮ ਵਰਕ ਆਰਡਰ ਜਾਰੀ ਹੋਣ ਤੋਂ **30ਦਿਨਾਂ** ਦੇ ਅੰਦਰ ਠੇਕੇਦਾਰਾਂ ਵੱਲੋਂ ਮੰਗ ਕੀਤੇ ਜਾਣ ਤੇ ਵਾਪਸ ਕਰ ਦਿੱਤੀ ਜਾਵੇਗੀ।
8) ਜੇਕਰ ਤੁਸੀਂ ਮਹਿਕਮੇਂ ਨਾਲ ਕੀਤੇ ਇਕਰਾਰਨਾਮੇ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਡੀ ਜਮਾਨਤੀ ਰਕਮ ਜਬਤ ਕੀਤੀ ਜਾ ਸਕਦੀ ਹੈ।
9) ਟੈਂਡਰ ਦੋ ਅਲੱਗ-ਅਲੱਗ ਲਿਫਾਫਿਆ ਵਿੱਚ ਜਮ੍ਹਾ ਕਰਵਾਇਆ ਜਾਵੇ। ਇੱਕ ਲਿਫਾਫੇ ਵਿੱਚ ਮੇਨ ਟੈਂਡਰ (ਸਾਰੀਆ ਕਾਪੀਆਂ) ਅਤੇ ਦੂਸਰੇ ਵਿੱਚ ਜਮਾਨਤੀ ਰਕਮ ਹੋਣੀ ਚਾਹੀਦੀ ਹੈ, ਜੇਕਰ ਜਮਾਨਤੀ ਰਕਮ ਡਿਮਾਂਡ ਡਰਾਫਟ ਦੇ ਰੂਪ ਵਿੱਚ ਹੈ। ਟੈਂਡਰ ਖੋਲ੍ਹਣ ਸਮੇਂ ਜਮਾਨਤੀ ਰਕਮ ਵਾਲਾ ਲਿਫਾਫਾ ਪਹਿਲਾ ਖੋਲ੍ਹਿਆ ਜਾਵੇਗਾ ਅਤੇ ਇਹ ਠੀਕ ਪਾਏ ਜਾਣ ਤੇ ਹੀ ਦਸਤਾਵੇਜਾਂ ਵਾਲਾ ਦੂਸਰਾ ਲਿਫਾਫਾ ਖੋਲ੍ਹਿਆ ਜਾਵੇਗਾ।
10) ਸ਼ਰਤਾਂ ਵਾਲੇ/ ਟੈਲੀਗ੍ਰਾਫਿਕ ਜਾਂ ਟੈਲੀਫੋਨਿਕ ਟੈਂਡਰਾਂ ਨੂੰ ਰੱਦ ਸਮਝਿਆ ਜਾਵੇਗਾ/ ਸਵੀਕਾਰ ਨਹੀਂ ਕੀਤਾ ਜਾਵੇਗਾ।
11) ਨਿਮਨ ਹਸਤਾਖਰ ਨੂੰ ਪੂਰੇ ਅਧਿਕਾਰ ਹੋਣਗੇ ਕਿ ਉਹ ਕਿਸੇ ਵੀ ਕੁਟੇਸ਼ਨ ਜਾਂ ਸਾਰੀਆਂ ਕੁਟੇਸ਼ਨਾਂ ਨੂੰ ਬਿਨਾਂ ਕਿਸੇ ਕਾਰਨ ਦੱਸੇ ਰੱਦ ਕਰ ਸਕਦਾ ਹੈ।
12) ਰੇਟ ਕੁਟੇਸ਼ਨ ਖੋਲਣ ਦੀ ਮਿਤੀ ਤੋਂ ਚਾਰ ਮਹੀਨੇ **(120ਦਿਨਾਂ)** ਤੱਕ ਵਰਕ ਆਰਡਰ ਕਰਨ ਲਈ ਯੋਗ ਹੋਣਗੇ।
13) ਠੇਕੇਦਾਰ ਵੱਲੋਂ ਕੁਟੇਸ਼ਨ ਦੇ ਨਾਲ ਪੈਨ-ਨੰਬਰ ਦੀ ਕਾਪੀ ਮੁਹੱਈਆਂ ਕਰਵਾਉਣੀ ਲਾਜ਼ਮੀ ਹੋਵੇਗੀ।
14) ਕੰਟਰੈਕਟ ਸਮੇਂ ਦੌਰਾਨ, ਠੇਕੇਦਾਰ ਵੱਲੋਂ ਭਰੇ ਗਏ ਰੇਟ ਵਿੱਚ ਕੋਈ ਤਬਦੀਲੀ ਨਹੀ ਕੀਤੀ ਜਾਵੇਗੀ।
15) ਕੀਤੇ ਜਾਣ ਵਾਲੇ ਕੰਮ ਸਬੰਧੀ ਗਰਿੱਡ ਸਬ-ਸਟੇਸ਼ਨਾਂ ਵਿਖੇ ਏਰੀਆ ਠੇਕੇਦਾਰ ਵੱਲੋਂ ਕਿਸੇ ਵੀ ਕੰਮ ਵਾਲੇ ਦਿਨ ਦੇਖਿਆ ਜਾ ਸਕਦਾ ਹੈ।
16) ਕੰਮ ਦੀ ਮਿਕਦਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।

**<u>ਆਮ ਸ਼ਰਤਾਂ ਅਤੇ ਨਿਯਮ</u> : -**

1) ਠੇਕੇਦਾਰ ਵੱਲੋਂ ਮੁੱਹਈਆਂ ਕਰਵਾਏ ਜਾਣ ਵਾਲੇ ਕਾਮਿਆਂ ਨੂੰ ਵਰਦੀ (ਨਿਗਮ ਵੱਲੋਂ ਮੰਨਜੂਰਸ਼ੁਦਾ ਵਰਦੀ ਨਮੂਨਾ) ਸਮੇਤ Name Tags ਕੰਮ ਦੌਰਾਨ ਪਹਿਣੀ ਲਾਜ਼ਮੀ ਹੋਵੇਗੀ।
2) ਠੇਕੇਦਾਰ ਵੱਲੋਂ ਇਹ ਕੰਮ ਸਿਖਲਾਈ ਪ੍ਰਾਪਤ ਕਾਮਿਆਂ ਤੋਂ ਕਰਵਾਇਆ ਜਾਵੇਗਾ।
3) ਠੇਕੇਦਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸ ਦੀ ਸੇਵਾ ਵਿੱਚ ਜੋ ਵੀ ਕਾਮੇ ਹਨ, ਉਸ ਦੀ ਉਮਰ 18 ਸਾਲ ਤੋਂ ਉੱਪਰ ਹੈ।
4) ਝਾੜੂ ਲਗਾਉਣਾ/ ਪੋਚਾ ਲਗਾਉਣਾ/ ਮਿੱਟੀ ਝਾੜਨਾ/ ਸਫਾਈ ਕਰਨਾ ਅਤੇ ਹੋਰ ਸਾਰੇ ਸਬੰਧਤ ਕੰਮ ਦਫਤਰੀ ਖੇਤਰ ਦੇ ਅੰਦਰ ਸਾਰੇ ਕੰਮ ਵਾਲੇ ਦਿਨਾਂ ਨੂੰ 09:00 ਵਜੇ ਤੋਂ ਪਹਿਲਾਂ ਪੂਰੇ ਕੀਤੇ ਜਾਣਗੇ। ਜੇਕਰ ਕਿਸੇ ਕੰਮ ਵਾਲੇ ਦਿਨ ਕੰਮ 09:00 ਵਜੇ ਤੋਂ ਪਹਿਲਾਂ ਪੂਰਾ ਨਹੀਂ ਹੁੰਦਾ ਤਾਂ ਉਸ ਦੀ ਅਦਾਇਗੀ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਉਸ ਅਨੁਪਾਤ ਵਿੱਚ ਉਸ ਦਿਨ ਦੀ ਅਦਾਇਗੀ ਲਈ ਕਟੌਤੀ ਕੀਤੀ ਜਾਵੇਗੀ।
5) ਕੂੜੇ ਨੂੰ ਸਹੀ ਜਗ੍ਹਾਂ ਤੇ ਸਹੀ ਤਰੀਕੇ ਨਾਲ ਸੁੱਟਣ ਲਈ ਠੇਕੇਦਾਰ ਜਿੰਮੇਵਾਰ ਹੋਵੇਗਾ।
6) ਠੇਕੇਦਾਰ ਵੱਲੋਂ ਖਾਸ ਤੌਰ ਤੇ ਇਹ ਸਹਿਮਤੀ ਦੇਣੀ ਹੋਵੇਗੀ ਕਿ ਉਸ ਵੱਲੋਂ ਰੱਖੇ ਗਏ ਕਾਮੇ ਸਾਰੇ ਮੰਤਵਾਂ ਲਈ ਠੇਕੇਦਾਰ ਦੇ ਕਾਮੇ ਹੀ ਹੋਣਗੇ ਅਤੇ ਉਹ ਪੀ.ਐਸ.ਟੀ.ਸੀ.ਐਲ. ਨਾਲ ਕੋਈ ਸਬੰਧ ਨਹੀ ਕਲੇਮ ਕਰਨਗੇ। ਜਿਸ ਵਿੱਚ ਰੋਜਗਾਰਦਾਤਾ-ਕਰਮਚਾਰੀ/ ਕਾਮੇ ਦਾ ਸਬੰਧ ਵੀ ਸ਼ਾਮਿਲ ਹੈ। ਜੇਕਰ ਕਾਮਿਆਂ ਵੱਲੋਂ ਅਜਿਹਾ ਕੋਈ ਦਾਅਵਾ ਕੀਤਾ ਜਾਂਦਾ ਹੈ ਅਤੇ ਅਜਿਹੇ ਕਿਸੇ ਕਲੇਮ ਜੋ ਕਿ ਮੋਨੇਟਰੀ (ਮੌਦਰਿਕ) ਜਾਂ ਕੋਈ ਹੋਰ ਦਾਅਵੇ ਦੀ ਹਾਲਤ ਵਿੱਚ ਏਜੰਸੀ/ ਠੇਕੇਦਾਰ ਮੁਆਵਜੇ ਦੇਣ ਲਈ ਵਚਨਬੱਧ ਹੋਵੇਗਾ।
7) ਠੇਕੇਦਾਰ ਵੱਲੋਂ ਕਾਮਿਆਂ ਦੀ ਸੁਰੱਖਿਆਂ ਅਤੇ ਪਹਿਚਾਨ ਮੰਤਵ ਲਈ ਤਾਜਾ ਫੋਟੋਗਰਾਫ (Photo) ਨਾਲ ਪਹਿਚਾਨ ਪੱਤਰ ਜਾਰੀ ਕੀਤੇ ਜਾਣਗੇ।

**ਚਲਦਾ ਪੰਨਾ ਨੰ. 3**

8) ਜੇਕਰ ਠੇਕੇਦਾਰ ਸਹਿਮਤ ਹੋਈਆਂ ਨਿਯਮ ਅਤੇ ਸ਼ਰਤਾਂ ਮੁਤਾਬਿਕ ਸਾਫ-ਸਫਾਈ ਦਾ ਕੰਮ ਨਹੀਂ ਕਰਵਾਉਂਦਾ ਤਾਂ ਪੀ.ਐਸ.ਟੀ.ਸੀ.ਐਲ. ਵੱਲੋਂ ਕੰਮ ਕਰਵਾਉਣ ਲਈ ਅਦਾ ਕੀਤੀ ਰਕਮ ਦੇ ਦੁਗਨੇ ਰੇਟ ਤੇ ਰਕਮ ਜੁਰਮਾਨੇ ਵੱਜੋਂ ਠੇਕੇਦਾਰ ਦੇ ਅਗਲੇ ਬਿਲਾਂ ਵਿੱਚੋਂ ਕੱਟ ਲਈ ਜਾਵੇਗੀ।

9) ਠੇਕੇਦਾਰ ਅਧੀਨ ਕਾਮੇ ਆਪਣਾ ਚਾਹ ਅਤੇ ਖਾਣੇ ਲਈ ਆਪ ਪ੍ਰਬੰਧ ਕਰਨਗੇ।

10) ਕੰਟਰੈਕਟ ਸਮੇਂ ਦੌਰਾਨ ਜੇਕਰ ਠੇਕੇਦਾਰ ਦੇ ਕਾਮੇ ਵੱਲੋਂ ਕਿਸੇ ਕਿਸਮ ਦੀ ਕੋਈ ਚੋਰੀ ਕੀਤੀ ਜਾਂਦੀ ਹੈ, ਤਾਂ ਠੇਕੇਦਾਰ ਵੱਲੋਂ ਇਸ ਦੀ ਪੂਰਤੀ ਪੀ.ਐਸ.ਟੀ.ਸੀ.ਐਲ. ਨੂੰ ਕੀਤੀ ਜਾਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਪੂਰਤੀ ਲਈ ਵਸੂਲੀ ਠੇਕੇਦਾਰ ਦੇ ਬਿਲਾਂ ਵਿੱਚੋਂ ਕਰ ਲਈ ਜਾਵੇਗੀ।

11) ਠੇਕੇਦਾਰ ਦੇ ਕਾਮਿਆਂ ਦੀ ਅਣਗਹਿਲੀ ਕਾਰਨ ਜੇਕਰ ਪੀ.ਐਸ.ਟੀ.ਸੀ.ਐਲ. ਦੀ ਪ੍ਰਾਪਰਟੀ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਠੇਕੇਦਾਰ ਵੱਲੋਂ ਇਸ ਦੀ ਪੂਰਤੀ ਪੀ.ਐਸ.ਟੀ.ਸੀ.ਐਲ. ਨੂੰ ਕੀਤੀ ਜਾਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਪੂਰਤੀ ਲਈ ਵਸੂਲੀ ਠੇਕੇਦਾਰ ਦੇ ਬਿਲਾਂ ਵਿੱਚੋਂ ਕਰ ਲਈ ਜਾਵੇਗੀ।

12) ਕਾਮਿਆਂ ਦੇ ਅਨੁਸ਼ਾਸ਼ਨ ਅਤੇ ਵੈਲਫੇਅਰ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਕੰਮ ਤੇ ਲਗਾਏ ਗਏ ਕਮਿਆਂ ਵੱਲੋਂ ਕੀਤੀ ਗਈ ਕਿਸੇ ਕਿਸਮ ਦੀ ਅਨੁਸ਼ਾਸ਼ਨਹੀਣਤਾ/ ਦੁਰਵਿਵਹਾਰ ਨੂੰ ਠੇਕੇਦਾਰ ਵੱਲੋਂ ਤੇਜੀ ਨਾਲ ਦੁਰਸਤ ਕੀਤਾ ਜਾਵੇਗਾ।

13) ਪੀ.ਐਸ.ਟੀ.ਸੀ.ਐਲ. ਦੇ ਅਹਾਤੇ ਅੰਦਰ ਕੰਮ ਕਰਦੇ ਸਮੇਂ ਜੇਕਰ ਏਜੰਸੀ/ ਠੇਕੇਦਾਰ ਦੇ ਕਾਮੇ ਨੂੰ ਸੱਟ ਲੱਗਦੀ ਹੈ/ ਮੌਤ ਹੋ ਜਾਂਦੀ ਹੈ ਤਾਂ ਉਸ ਹਾਲਤ ਵਿੱਚ ਕਾਮੇ ਸਬੰਧੀ ਕਿਸੇ ਵੀ ਕਲੇਮ ਦੀ ਜਿੰਮੇਵਾਰੀ ਏਜੰਸੀ/ ਠੇਕੇਦਾਰ ਦੀ ਹੋਵੇਗੀ। ਪੀ.ਐਸ.ਟੀ.ਸੀ.ਐਲ. ਦੀ ਕਿਸੇ ਵੀ ਪੱਧਰ ਤੇ ਕਿਸੇ ਵੀ ਕਿਸਮ ਦੇ ਕਲੇਮ ਜਾਂ ਕਾਨੂੰਨੀ ਸਿੱਟੇ ਨਿਕਲਣ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

14) ਠੇਕੇਦਾਰ ਵੱਲੋਂ ਇਹ ਸਹਿਮਤੀ ਹੋਵੇਗੀ ਕਿ ਜੇਕਰ ਕਿਸੇ ਕਿਸਮ ਦੇ ਕਲੇਮ ਦੀ ਰਕਮ, ਖਰਚਾ ਆਦਿ ਪਾਇਆ ਜਾਂਦਾ ਹੈ ਤਾਂ ਉਹ ਪੀ.ਐਸ.ਟੀ.ਸੀ.ਐਲ. ਵੱਲੋਂ ਠੇਕੇਦਾਰ ਦੇ ਬਿਲਾਂ ਵਿੱਚੋਂ ਕੱਟਿਆਂ ਜਾਵੇਗਾ, ਜਿਸ ਲਈ ਠੇਕੇਦਾਰ ਵਚਣਵੱਧ ਹੋਵੇਗਾ।

15) ਕਿਰਤ ਕਾਨੂੰਨਾਂ ਨਾਲ ਸਬੰਧਤ ਸਾਰੇ ਕਾਨੂੰਨ ਜਿਵੇਂ ਕਿ ਕੰਟਰੈਕਟ ਲੇਬਰ (ਰੈਗੂਲੇਸ਼ਨ ਅਤੇ ਐਬੋਲੀਸ਼ਨ) ਐਕਟ 1970, ਇੰਡਸਟਰੀਜ ਡਿਸਪਿਊਟਸ/1947, ਘੱਟੋਂ-ਘੱਟ ਤਨਖਾਹ ਐਕਟ, ਪੇਅਮੈਂਟ ਆਫ ਬੋਨਸ ਐਕਟ, ਇਮਪਲਾਈਜ ਪ੍ਰੋਵੀਡੈਂਟ ਫੰਡਸ ਐਕਟ, ਇਮਪਲਾਈਜ਼ ਸਟੇਟ ਇਨਸ਼ੋਰੈਂਸ ਐਕਟ, ਵਰਕਮੈਨ ਕੰਪੈਨਸੇਸ਼ਨ ਐਕਟ ਆਦਿ ਜੋ ਕਿ ਮੌਜੂਦਾ ਸਮੇਂ ਲਾਗੂ ਹਨ ਜਾਂ ਜੋ ਆਉਣ ਵਾਲੇ ਸਮੇਂ ਵਿੱਚ ਲਾਗੂ ਹੋ ਸਕਦੇ ਹਨ, ਦੀ ਪਾਲਣਾ ਠੇਕੇਦਾਰ ਵੱਲੋਂ ਕੀਤੀ ਜਾਵੇਗੀ। ਉਪਰੋਕਤ ਕਾਨੂੰਨਾਂ ਮੁਤਾਬਿਕ ਕਾਮਿਆਂ ਨੂੰ ਦੇਣ ਵਾਲੀ ਰਕਮ/ ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਉਣ ਵਾਲੀ ਰਕਮ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਜਾਵੇਗੀ। ਮਹੀਨਾਵਾਰ ਬਿਲ ਨਾਲ **EPF & ESIC** ਚਲਾਨ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

16) ਠੇਕੇਦਾਰ ਵੱਲੋਂ ਕਾਮਿਆਂ ਦੇ ਰੋਜਗਾਰ ਸਬੰਧੀ ਰਿਕਾਰਡ ਵੱਖ-ਵੱਖ ਲੇਬਰ ਕਾਨੂੰਨਾਂ ਅਨੁਸਾਰ, ਜਿਵੇਂ ਕਿ ਹਾਜ਼ਰੀ ਰਜਿਸਟਰ, ਤਨਖਾਹ ਰਜਿਸਟਰ, ਬੋਨਸ ਰਜਿਸਟਰ, ਛੁੱਟੀਆਂ ਸਬੰਧੀ ਰਜਿਸਟਰ ਆਦਿ ਰਿਕਾਰਡ ਰੱਖਿਆ ਜਾਵੇਗਾ।

17) ਠੇਕੇਦਾਰ ਦੇ ਕਾਮੇ ਵੱਲੋਂ ਕੀਤਾ ਜਾ ਰਿਹਾ ਕੰਮ ਜੇਕਰ ਤਸੱਲੀਬਖਸ਼ ਨਹੀਂ ਪਾਇਆ ਜਾਂਦਾ ਤਾਂ ਉਸ ਹਾਲਤ ਵਿੱਚ ਸਬੰਧਤ ਐਸ.ਐਸ.ਈ./ ਸਬ-ਸਟੇਸ਼ਨ ਇੰਜੀਨੀਅਰ ਵੱਲੋਂ ਸਲਾਹ ਦੇਣ ਤੇ ਠੇਕੇਦਾਰ ਵੱਲੋਂ ਤੁਰੰਤ ਅਤੇ ਪ੍ਰਭਾਵਸ਼ਾਲੀ ਸਰਵਿਸ ਮੁੱਹੀਆ ਕਰਵਾਉਣ ਲਈ ਠੇਕੇਦਾਰ ਵੱਲੋਂ ਜਰੂਰੀ ਕਦਮ ਉਠਾਏ ਜਾਣਗੇ।

18) ਠੇਕੇਦਾਰ ਵੱਲੋਂ ਕੀਤੇ ਜਾ ਰਹੇ ਜਾਂ ਪੂਰੇ ਕੀਤੇ ਗਏ ਕੰਮ ਨੂੰ ਕਿਸੇ ਵੀ ਸਮੇਂ ਇੰਚਾਰਜ਼ ਇੰਜੀਨੀਅਰ ਜਾਂ ਦਫਤਰ ਦੇ ਕਿਸੇ ਵੀ ਨੁਮਾਂਇੰਦੇ ਵੱਲੋਂ ਨਿਰੀਖਣ ਕੀਤਾ ਜਾ ਸਕਦਾ ਹੈ।

19) ਬਿਲ ਵਿੱਚੋਂ ਨਿਯਮਾਂ ਅਨੁਸਾਰ ਆਮਦਨ ਕਰ ਕੱਟਿਆ ਜਾਵੇਗਾ। ਠੇਕੇਦਾਰ ਵੱਲੋਂ ਪੈਨ ਨੰਬਰ ਦੇਣਾ ਜਰੂਰੀ ਹੋਵੇਗਾ, ਪੈਨ ਨੰਬਰ ਨਾ ਦੇਣ ਦੀ ਸੂਰਤ ਵਿੱਚ ਇਨਕਮ-ਟੈਕਸ ਬਿਲ ਵਿੱਚੋਂ 20% ਕੱਟਿਆ ਜਾਵੇਗਾ।

**ਚਲਦਾ ਪੰਨਾ ਨੰ. 4**

20) ਮਹਿਕਮੇਂ ਵੱਲੋਂ ਜੀ.ਐਸ.ਟੀ. ਜੋ ਲਾਗੂ ਹੋਵੇਗਾ ਵੱਖਰਾ ਅਦਾ ਕੀਤਾ ਜਾਵੇਗਾ।
21) ਅਦਾਇਗੀ ਮਹੀਨਾਵਾਰ ਕੀਤੀ ਜਾਵੇਗੀ, ਮਹੀਨਾਵਾਰ ਬਿਲਾਂ ਵਿੱਚੋਂ **TDS, GST-TDS, 5%** ਸਕਿਊਰਿਟੀ ਅਤੇ ਹੋਰ ਕੋਈ ਟੈਕਸ ਬਣਦਾ ਹੋਵੇ, ਕੱਟਿਆ ਜਾਵੇਗਾ।
22) ਮਹੀਨਾਵਾਰ ਬਿਲਾਂ ਦੀ ਅਦਾਇਗੀ **RTGS/NEFT** ਰਾਹੀ ਕੀਤੀ ਜਾਵੇਗੀ, ਜਿਸ ਲਈ ਠੇਕੇਦਾਰ ਵੱਲੋਂ ਬੈਂਕ ਖਾਤਾ ਨੰਬਰ, **IFSC** ਕੋਡ, ਖਾਤਾ ਬਰਾਂਚ ਪਤਾ ਸਬੰਧੀ ਦਸਤਾਵੇਜ਼ ਟੈਂਡਰ ਨਾਲ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।
23) ਇਸ ਦਫਤਰ ਦਾ ਖਾਤਾ ਭਾਰਤੀ ਸਟੇਟ ਬੈਂਕ **(SBI)** ਨਾਲ ਹੈ।
24) ਜੇਕਰ ਦਫਤਰ/ ਸਬ-ਸਟੇਸ਼ਨ ਆਦਿ ਜਗ੍ਹਾਂ ਤੇ ਸਾਫ-ਸਫਾਈ ਦਾ ਕੰਮ ਨਹੀਂ ਹੁੰਦਾ, ਉਸ ਹਾਲਤ ਵਿੱਚ ਸਬੰਧਤ ਐਸ.ਐਸ.ਈ./ ਸਬ-ਸਟੇਸ਼ਨ ਇੰਜੀਨੀਅਰ ਵੱਲੋਂ ਸੂਚਿਤ ਕਰਨ ਤੇ ਸਾਫ-ਸਫਾਈ ਦਾ ਕੰਮ ਕਰਵਾਉਣ ਦੀ ਪੂਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
25) ਸੇਵਾਵਾਂ ਤੱਸਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਪੀ.ਐਸ.ਟੀ.ਸੀ.ਐਲ. ਦੀ ਅਥਾਰਟੀ ਵੱਲੋਂ ਬਿਨਾਂ ਕਾਰਨ ਦੱਸੇ **ਇੱਕ-ਮਹੀਨੇ** ਦਾ ਨੋਟਿਸ ਦੇ ਕੇ ਕੰਟਰੈਕਟ/ ਵਰਕ ਆਰਡਰ ਖਤਮ ਕੀਤਾ ਜਾ ਸਕਦਾ ਹੈ।
26) ਠੇਕੇਦਾਰ ਵੱਲੋਂ ਦਿੱਤੇ ਗਏ ਰੇਟ ਕੰਟਰੈਕਟ ਦੌਰਾਨ ਨਹੀਂ ਬਦਲੇ ਜਾਣਗੇ, ਕੰਟਰੈਕਟ ਸਮੇਂ ਦੌਰਾਨ ਜੇਕਰ ਡੀ.ਸੀ. ਰੇਟਾਂ ਵਿੱਚ ਕਿਸੇ ਕਿਸਮ ਦਾ ਕੋਈ ਵਾਧਾ ਹੁੰਦਾ ਹੈ ਤਾਂ ਪੀ.ਐਸ.ਟੀ.ਸੀ.ਐਲ. ਵੱਲੋਂ ਕਿਸੇ ਕਿਸਮ ਦੀ ਕੋਈ ਵੀ ਵਾਧੂ ਅਦਾਇਗੀ ਨਹੀ ਕੀਤੀ ਜਾਵੇਗੀ ਅਤੇ ਉਸ ਦ ਅਦਾਇਗੀ ਸਬੰਧੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
27) ਕੰਟਰੈਕਟ/ ਵਰਕ ਆਰਡਰ ਦਾ ਸਮਾਂ ਵਧਾਇਆ ਜਾ ਘਟਾਇਆ ਜਾ ਸਕਦਾ ਹੈ। ਠੇਕੇਦਾਰ ਵੱਲੋਂ ਵਰਕ ਆਰਡਰ ਸਮੇਂ ਵਿੱਚ ਵਾਧੇ ਲਈ ਪ੍ਰਤੀਵੇਦਨਾ ਦੇਣ ਉਪਰੰਤ ਉਸ ਦੀਆਂ ਸੇਵਾਵਾਂ ਤਸੱਲੀਬਖਸ਼ ਹੋਣ ਤੇ ਇਹ ਸਮਾਂ ਵਧਾਇਆ ਜਾ ਸਕਦਾ ਹੈ।
28) ਠੇਕੇਦਾਰ ਵੱਲੋਂ ਠੇਕਾ ਮਿਲਣ ਦੇ 15-ਦਿਨਾਂ ਦੇ ਅੰਦਰ ਪੀ.ਐਸ.ਟੀ.ਸੀ.ਐਲ. ਦੇ ਨਿਯਮਾਂ ਮੁਤਾਬਿਕ ਗੈਰ-ਸੰਵਿਧਾਨਿਕ (Non-Judicial) ਸਟੈਂਪ ਪੇਪਰ ਤੇ ਇਕਰਾਰਨਾਮਾ ਕਰਨਾ ਪਵੇਗਾ। ਇਕਰਾਰਨਾਮਾ ਕਰਨ ਲਈ ਆਉਣ ਵਾਲਾ ਖਰਚ ਜਿਵੇਂ ਕਿ ਟਿਕਟਾਂ ਦੀ ਕੀਮਤ ਅਤੇ ਹੋਰ ਕਾਗਜ਼ ਤਿਆਰ ਕਰਨਾ ਆਦਿ ਠੇਕੇਦਾਰ ਵੱਲੋਂ ਕੀਤਾ ਜਾਵੇਗਾ।
29) ਨਿਗਮ ਵੱਲੋਂ ਜਾਰੀ ਕਾਰਜ਼ ਵਿਨਿਯਮ (Amended from time to time) ਦੀਆਂ ਹਦਾਇਤਾਂ ਲਾਗੂ ਹੋਣਗੀਆਂ।
30) ਠੇਕੇਦਾਰ ਵੱਲੋਂ ਕਾਮਿਆਂ ਨੂੰ ਅਦਾਇਗੀ ਮਹੀਨੇ ਦੇ ਪਹਿਲੇ 7 ਕੰਮ ਵਾਲੇ ਦਿਨਾਂ ਅੰਦਰ ਕਰਨੀ ਲਾਜ਼ਮੀ ਹੋਵੇਗੀ।
31) ਬਿਲ ਦੀ ਅਦਾਇਗੀ ਸਬੰਧੀ ਅਧਿਕਾਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਪੀ.ਐਸ.ਟੀ.ਸੀ.ਐਲ. ਮਾਲੇਰਕੋਟਲਾ ਜਾਂ ਪੀ.ਐਸ.ਟੀ.ਸੀ.ਐਲ. ਵੱਲੋਂ ਨਿਰਧਾਰਤ ਕੀਤੀ ਗਈ ਹੋਰ ਅਥਾਰਿਟੀ ਕੋਲ ਹੋਣਗੇ।
32) ਜੇਕਰ ਕੋਈ ਝਗੜ੍ਹਾ ਹੁੰਦਾ ਹੈ ਤਾਂ ਉਸ ਸੂਰਤ ਵਿੱਚ Sr. Xen/ P&M Division, PSTCL, Malerkotla ਦਾ ਫੈਂਸਲਾ ਆਖਰੀ ਹੋਵੇਗਾ।
33) ਸਾਰੇ ਝਗੜਿਆਂ ਲਈ ਮਾਮਲੇ ਦਾ ਅਧਿਕਾਰ ਖੇਤਰ ਕੇਵਲ ਮਾਲੇਰਕੋਟਲਾ ਵਿਖੇ ਸਥਿੱਤ ਅਦਾਲਤ ਦਾ ਹੋਵੇਗਾ।

ਸੀਨੀਅਰ ਕਾਰਜਕਾਰੀ ਇੰਜੀ:/ ਪੀਤੇਐਮ ਮੰਡਲ,
ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ।